# ਬੜਾ ਕੁਝ ਕਹਿੰਦੈ ਜੱਸੀ ਗਿੱਲ ਦਾ ਕੈਲੰਡਰ 2007

-ਤਰਲੋਚਨ ਸਿੰਘ ਦੁਪਾਲਪੁਰ

ਜਦੋਂ ਵੀ ਕੋਈ ਵਰ੍ਹਾ ਵਰਤਮਾਨ ਦੀ ਢਲਾਨ ਤੋਂ ਖਿਸਕਦਾ-ਖਿਸਕਦਾ, ਭੂਤ - ਕਾਲ ਦੀ ਗੁਫਾ ਵਿਚ ਸਦਾ ਲਈ ਅਲੋਪ ਹੋ ਜਾਣ ਲਈ ਆਪਣੇ ਆਖਰੀ ਸਾਹ ਗਿਣ ਰਿਹਾ ਹੁੰਦਾ ਹੈ, ਤਾਂ ਬਹੁਤ ਸਾਰੇ ਕੰਮ-ਕਾਜੀ ਅਦਾਰਿਆਂ ਅਤੇ ਸੰਸਥਾਵਾਂ ਵਲੋਂ, ਨਵੇਂ ਸਾਲ ਦੇ ਸ਼ੁੱਭ - ਆਗਮਨ ਦੀ ਪੂਰਬ ਸੰਧਿਆ ਮੌਕੇ, ਨਵੇਂ ਸਾਲ ਦੇ ਕੈਲੰਡਰ ਛਪਵਾਏ ਜਾਂਦੇ ਹਨ। ਆਪਣੇ ਕੰਮ-ਕਾਰ ਦੀ ਗੁਣਵੱਤਾ, ਵਿਸ਼ੇਸ਼ਤਾ ਅਤੇ ਮਸ਼ਹੂਰੀ ਦੇ ਵੇਰਵਿਆਂ, ਸਾਲਾਨਾ ਇਤਿਹਾਸਕ ਦਿਨ-ਦਿਹਾਰ ਤੇ ਛੁੱਟੀਆਂ ਆਦਿਕ ਦਰਸਾਉਣ ਦੇ ਨਾਲ ਨਾਲ ਪ੍ਰਸਿੱਧ ਆਰਟਿਸਟਾਂ, ਫੋਟੋਗ੍ਰਾਫਰਾਂ ਪਾਸੋਂ ਖਿਚ ਪਾਊ ਦਿੱਖ ਵਾਲੇ ਚਿੱਤਰ ਆਦਿ ਛਪਵਾਏ ਜਾਂਦੇ ਹਨ। ਜਿਵੇਂ ਪੰਜਾਬ ਐਂਡ ਸਿੰਧ ਬੈਂਕ ਵਲੋਂ ਹਰ ਸਾਲ ਗੁਰੂ ਸਾਹਿਬਾਨ ਦੇ ਮੁਤਬੱਰਕ ਹਸਤ ਕਮਲਾਂ ਤੋਂ ਵਰੋਸਾਏ, ਖਾਲਸਾ ਪੰਥ ਦੇ ਬਹੁਭਾਂਤੀ ਪੱਖਾਂ ਨੂੰ ਉਜਾਗਰ ਕਰਦੇ ਚਿੱਤਰਾਂ ਵਾਲੇ ਕੈਲੰਡਰ ਤਿਆਰ ਕਰਵਾਏ ਜਾਂਦੇ ਹਨ। ਵੱਖਰੇ ਵੱਖਰੇ ਕੈਲੰਡਰਾਂ ਵਿਚ ਛਪਵਾਏ ਗਏ ਚਿੱਤਰਾਂ ਦੀ ਚੋਣ ਉਸ ਦੇ ਮਾਲਕ ਜਾਂ ਛਾਪਕ ਦੀ ਸੋਚ ਦਾ ਪ੍ਰਗਟਾਵਾ ਤੇ ਪ੍ਰਤੀਨਿਧਤਾ ਵੀ ਕਰਦੀ ਹੈ। ਹਰ ਕਾਰੋਬਾਰੀ ਅਦਾਰਾ ਇਹ ਯਤਨ ਕਰਦਾ ਹੈ ਕਿ ਉਸਦੇ ਕੈਲੰਡਰ ਵਧ ਤੋਂ ਵਧ ਲੋਕਾਂ ਤੱਕ ਪਹੁੰਚਣ। ਕਿਉਂਕਿ ਇਨ੍ਹਾਂ ਕੈਲੰਡਰਾਂ ਨੇ ਪੂਰੇ ਤਿੰਨ ਸੌ ਪੈਂਹਠ ਦਿਨ ਘਰਾਂ ਦੀਆਂ ਕੰਧਾਂ ਜਾਂ ਦਫਤਰੀ ਟੇਬਲਾਂ ਦਾ ਸ਼ਿੰਗਾਰ ਬਣ ਕੇ 'ਚੁੱਪ ਦੀ ਭਾਸ਼ਾ' ਵਿਚ 'ਬਹੁਤ ਕੁਝ' ਕਹਿਣਾ ਹੁੰਦਾ ਹੈ।

ਐਹ ਮੇਰੇ ਸਾਹਮਣੇ, ਰਿਐਲਟਰ ਦੇ ਕਾਰੋਬਾਰ ਵਿਚ ਵਿਸ਼ੇਸ਼ ਮਾਣ-ਸਨਮਾਨ ਪ੍ਰਾਪਤ ਕਰਤਾ ਸ. ਜਸਵਿੰਦਰ ਸਿੰਘ ਗਿੱਲ (ਜੱਸੀ ਗਿੱਲ) ਅਤੇ ਉਨ੍ਹਾਂ ਦੀ ਸੁਪਤਨੀ ਬੀਬੀ ਸੁਖਵੀਰ ਕੌਰ ਗਿੱਲ ਵਲੋਂ, ਸਾਲ 2007 ਲਈ ਛਪਵਾਇਆ ਕੈਲੰਡਰ ਪਿਆ ਹੈ। ਸ. ਗਿੱਲ ਹੋਰਾਂ ਵਲੋਂ ਇਸ ਕੈਲੰਡਰ ਨੂੰ ਬੜੀ ਰੀਝ ਨਾਲ ਤਿਆਰ ਕਰਵਾਇਆ ਗਿਆ ਹੈ, ਫੋਟੋ ਗ੍ਰਾਫੀ ਤੇ ਚਿੱਤਰ ਕਲਾ ਦੇ ਅੰਤਰ ਰਾਸ਼ਟਰੀ ਪ੍ਰਸਿੱਧੀ ਪ੍ਰਾਪਤ ਕੈਮਰਾਮੈਨ ਸ. ਜਨਮੇਜਾ ਸਿੰਘ ਜੌਹਲ ਪਾਸੋਂ। ਰੰਗ, ਕਲਾ ਅਤੇ ਵਿਉਂਤਬੰਦੀ ਦੀਆਂ ਸੂਖਮ ਤਰੰਗਾਂ ਦੀ ਅੰਤਰੀਵੀ ਥਾਹ ਪਾਉਣ ਵਾਲਾ ਕੋਈ ਵਿਅਕਤੀ, ਇਸ ਕੈਲੰਡਰ ਦੀ ਆਭਾ ਦੇਖ ਕੇ, 'ਅਸ਼-ਅਸ਼' ਕਰੇ ਬਿਨਾਂ ਨਹੀਂ ਰਹਿ ਸਕੇਗਾ। ਹਰ ਪੰਨੇ 'ਤੇ ਛਪਿਆ ਚਿੱਤਰ, ਨਜ਼ਰ ਥਾਈਂ ਗੁਜ਼ਰਦਿਆਂ ਹੋਇਆਂ ਦਿਲ ਦੀ ਵਚਿੱਤਰ ਵੀਣਾਂ ਦੀਆਂ ਤਾਰਾਂ 'ਚ ਨਵੀਂ ਤੋਂ ਨਵੀਂ 'ਟੁਣਕਾਰ' ਪੈਦਾ ਕਰਦਾ ਹੈ।




ਮੁੱਖ ਪੰਨੇ ਉਪਰ ਫਰੀਮਾਂਟ ਦੇ ਸ਼ਾਂਤ ਏਰੀਏ ਵਿੱਚ ਉਸਰੇ ਹੋਏ, ਪੰਜਾਬ ਦੇ ਮਲਵਈ ਅੰਦਾਜ਼ ਵਾਲੀਆਂ ਕੁੰਢੀਆਂ ਮੁੱਛਾਂ ਅਤੇ 'ਪਟਿਆਲਾ ਸ਼ਾਹੀ' ਖੂਬਸੂਰਤ ਦਸਤਾਰ ਧਾਰੀ ਜੱਸੀ ਗਿੱਲ ਦੇ ਵਿਸ਼ਾਲ ਖੁੱਲ੍ਹੇ ਡੁੱਲ੍ਹੇ ਘਰ ਦਾ ਚਿੱਤਰ ਸਿੱਖਾਂ ਦੇ ਸਖ਼ਤ ਮਿਹਨਤੀ ਸੁਭਾਅ ਦੀ ਮਿਸਾਲ ਹੈ। ਜਨਵਰੀ ਦਾ ਪਹਿਲਾ ਮਹੀਨਾ ਦੇਖਦਿਆਂ ਅਕਾਲ ਰੂਪ ਬਾਬਾ ਗੁਰੂ ਨਾਨਕ ਜੀ ਦੀ ਆਗਮਨ ਭੂਮੀ 'ਤੇ ਉਸਰੇ ਹੋਏ ਉੱਚੇ ਤੇ ਸੁੱਚੇ ਗੁਰੂ ਘਰ, ਨਨਕਾਣਾ ਸਾਹਿਬ ਦੇ ਦਰਸ਼ਨ ਹੁੰਦੇ ਹਨ। ਇਸ ਦੇ ਖੁੱਲ੍ਹੇ ਪ੍ਰਾਂਗਣ ਵਿਚ ਚੱਲ ਰਹੇ ਫੁਆਰੇ 'ਇਕ ਓਅੰਕਾਰ' ਦੀ ਰੂਹਾਨੀਅਤ ਦਾ ਰੰਗ ਬਰਸਾਅ ਰਹੇ ਪ੍ਰਤੀਤ ਹੁੰਦੇ ਹਨ। ਇਕ ਕੋਨੇ ਵਿਚ ਵੱਢੇ ਹੋਏ ਕਿਸੇ ਦਰਖਤ ਦੀਆਂ ਨਵੀਆਂ ਫੁੱਟਦੀਆਂ ਕਰੂੰਬਲਾਂ ਤੇ ਟਾਹਣੀਆਂ, ਪ੍ਰੋਫੈਸਰ ਮੋਹਣ ਸਿੰਘ ਦੀ ਕਵਿਤਾ 'ਸਿੱਖੀ ਦਾ ਬੂਟਾ' ਗਾਇਨ ਕਰ ਰਹੀਆਂ ਜਾਪਦੀਆਂ ਹਨ।

"ਇਹ ਸਿੱਖੀ ਦਾ ਬੂਟਾ ਏ
ਇਹਨੂੰ ਜਿਤਨਾਂ ਛਾਂਗ ਦਿਉ
ਇਹ ਉਤਨਾ ਫਲਦਾ ਏ!"

ਕਲੀ ਕਾਲ ਦੀ ਤਪਸ਼ ਨਾਲ ਸੜੇ ਹੋਏ ਹਿਰਦਿਆਂ ਵਿਚ ਰੂਹਾਨੀ ਠੰਢ ਦੇ ਛਿੱਟੇ ਮਾਰ ਰਿਹਾ ਹੈ ਇਹ ਨੂਰਾਨੀ ਚਿੱਤਰ!

ਪੁਰਾਤੱਤਵ ਦੀ ਲੜੀ ਅਧੀਨ ਜੈਪੁਰ ਦੇ ਮਸ਼ਹੂਰ ਹਵਾ ਮਹਿਲ ਤੋਂ ਬਾਅਦ, ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਦੇ ਸਿੱਖ ਰਾਜ ਦੀ ਨਿਸ਼ਾਨੀ ਫਿਲੌਰ ਦੇ ਕਿਲੇ ਦੀ ਉਦਾਸ ਝਲਕ ਮਾਤਮੀ ਸਤਰਾਂ ਆਖ ਰਹੀ ਹੈ:-

ਖੰਡਰ ਬਤਾ ਰਹੇ ਹੈਂ ਇਮਾਰਤ ਅਜ਼ੀਮ ਥੀ!

ਖਾਲਸਾ ਰਾਜ ਦੇ ਖੰਡਰਾਤ ਉੱਤੇ ਝੂਲ ਰਿਹਾ ਭਾਰਤੀ ਤਿਰੰਗਾ ਝੰਡਾ, ਇਸ ਕਿਲੇ ਦੇ ਕੇਸਰੀ ਪ੍ਰਚਮ ਵਾਲੇ 'ਅਸਲ ਮਾਲਕਾਂ' ਦੀ ਘੋਰ ਲਾਪ੍ਰਵਾਹੀ, ਅਣਗਹਿਲੀ ਅਤੇ ਗਫਲਤੀ ਨੀਂਦ ਦੀਆਂ ਬੇ-ਦਰਦ ਬਾਤਾਂ ਪਾ ਰਿਹਾ ਹੈ। ਕਿਲੇ ਦੀਆਂ ਚੋੜੀਆਂ ਕੰਧਾਂ ਵਿਚੋਂ ਉੱਖੜਦੀਆਂ ਤੇ ਕਿਰਦੀਆਂ ਨਾਨਕ ਸ਼ਾਹੀ ਇੱਟਾਂ, ਜੋ ਸੇਵਾ ਸਿੰਘ ਤੇ ਮਾਘੇ ਦੀ ਦੋਸਤੀ ਅਤੇ ਤੇਜੂ-ਲਾਲੂ ਦੀ ਗੱਦਾਰੀ ਦੀਆਂ ਚਸ਼ਮਦੀਦ ਗਵਾਹ ਹਨ, ਹੁਣ ਗਮਗੀਨ ਵੈਣ ਪਾ ਰਹੀਆਂ ਮਾਲੂਮ ਹੁੰਦੀਆਂ ਹਨ :

"ਅਸੀਂ ਸ਼ਾਦੀਆਂ ਵੀ ਦੇਖੀਆਂ,
ਬਰਬਾਦੀਆਂ ਵੀ ਦੇਖੀਆਂ।
ਪਰ ਦੱਸਦੀ ਸੀ ਮੜ੍ਹੀ 'ਰਣਜੀਤ ਦੀ,
ਇਨ੍ਹਾਂ ਗੁਲਾਮਾਂ ਆਜ਼ਾਦੀਆਂ ਵੀ ਦੇਖੀਆਂ!"

ਇਸੇ ਲੜੀ ਵਿਚ ਅੱਗੇ ਆਉਂਦਾ ਹੈ 'ਗੇਟ ਵੇਅ ਆਫ ਇੰਡੀਆ, ਜੋ ਕਿੰਗ ਜਾਰਜ ਅਤੇ ਉਸਦੀ ਰਾਣੀ ਦੀ ਆਮਦ ਦੀ ਯਾਦ ਵਿਚ ਉਸਾਰਿਆ ਗਿਆ ਸੀ। ਸੱਤ ਸਮੁੰਦਰੋਂ ਪਾਰ ਜਾ ਕੇ ਅੰਗਰੇਜ਼ਾਂ ਵਲੋਂ ਭਾਰਤ ਨੂੰ ਗੁਲਾਮ ਬਣਾਉਣ ਦਾ ਗਵਾਹ ਬਣ ਕੇ ਖੜਾ ਹੈ ਇਹ 'ਗੇਟ'। ਫਿਰ ਵਾਰੀ ਆਉਂਦੀ ਹੈ ਸ਼ਾਹ ਜਹਾਨ ਬਾਦਸ਼ਾਹ ਦੁਆਰਾ ਤਾਮੀਰ ਕਰਵਾਏ ਗਏ 'ਲਾਲ ਕਿਲੇ' ਦੀ। ਚਿੱਤਰ ਵਿਚ, ਕਿਸੇ ਸਮੇਂ 'ਦਾਰੁਲ ਇਸਲਾਮ' ਦਾ ਰੁਤਬਾ ਮਾਣਦੇ ਰਹੇ ਲਾਲ ਕਿਲੇ ਦੀ ਮਰਘਟ ਜਿਹੀ ਉਦਾਸੀ, ਇਹ ਸਤਰਾਂ ਗੁਣ ਗੁਣਾ ਰਹੀ ਜਾਪਦੀ ਹੈ:-

ਝੁੱਕ ਰਹੇ ਥੇ ਜਿਨ ਕੇ ਮਹਲੋਂ ਮੇਂ ਜ਼ਮੀਂ - ਓ - ਆਸਮਾਂ!

ਅੱਬ ਖਮੋਸ਼ੀ ਕੇ ਸਿਵਾ, ਚੂੰ ਨਾ ਚਾਂ ਕੁਛ ਭੀ ਨਹੀਂ!!

ਇਸੇ ਬਦਨਸੀਬ ਸ਼ਾਹ ਜਹਾਂ ਵਲੋਂ ਆਪਣੀ ਬੇਗਮ ਦੀ ਯਾਦ ਵਿਚ ਬਣਾਏ ਤਾਜ ਮਹਲ ਦਾ ਖੂਬਸੂਰਤ ਚਿੱਤਰ ਤੱਕਦਿਆਂ, ਕਿਸੇ ਕਵੀ ਦੀਆਂ ਇਹ ਪੰਕਤੀਆਂ ਜ਼ਿਹਨ 'ਚ ਘੁੰਮਣ ਲਗਦੀਆਂ ਹਨ :-

ਦੁਨੀਆਂ ਮੇਂ ਕੁਛ ਐਸੇ ਭੀ
ਕੰਵਲ ਹੋਤੇ ਹੈਂ,
ਜੋ ਖਿਲਤੇ ਨਹੀਂ,
ਪਰ ਵਕਤਿ ਉੱਜਲ ਹੋਤੇ ਹੈਂ।
ਯਿਹ ਬਾਤ ਜੁਦਾ ਹੈ ਕਿ
ਵੋਹ ਤਾਮੀਰ ਨਾ ਹੋਂ,
ਹਰ ਜ਼ਿਹਨ ਮੇਂ ਕੁਛ
'ਤਾਜ ਮਹਲ' ਹੋਤੇ ਹੈਂ।

ਜੱਸੀ ਗਿੱਲ ਹੁਣਾਂ ਵਲੋਂ ਬਣਵਾਏ ਇਸ ਕੈਲੰਡਰ ਦੀ ਸ਼ਾਨ ਵਧਾ ਰਹੇ ਹਨ ਕੁਝ ਹੋਰ ਖੂਬਸੂਰਤ ਚਿੱਤਰ, ਜਿਵੇਂ ਨਿਊਯਾਰਕ ਦਾ ਭੁਲੇਖਾ ਪਾਉਂਦਾ ਗੁੜਗਾਵਾਂ ਸ਼ਹਿਰ ਦਾ ਦ੍ਰਿਸ਼, ਜੈਪੁਰ ਦਾ ਅਦਭੁੱਤ ਜੰਤਰ ਮੰਤਰ, ਪਾਂਡੀਚੇਰੀ ਦੇ ਸਮੁੰਦਰੀ ਕੰਢੇ, ਸਮੁੰਦਰੀ ਜਹਾਜ਼ਾਂ ਦੇ ਮਾਰਗ ਦਰਸ਼ਨ ਲਈ ਉਸਰਿਆ ਮੀਨਾਰ, ਰਾਜਪੂਤਾਨੇ ਦੀ ਭਵਨ ਕਲਾ ਦਾ ਉੱਚਤਮ ਨਮੂੰਨਾ ਅੰਬਰ ਕਿਲਾ, ਦੱਖਣੀ ਭਾਰਤ ਦੀ ਭਵਨ ਕਲਾ ਦਾ ਬੇਹਤਰੀਨ ਨਮੂੰਨਾ ਕੋਨਾਰਕ ਦਾ ਮੰਦਰ ਅਤੇ 'ਬਲਿਹਾਰੀ ਕੁਦਰਤ ਵਸਿਆ। ਤੇਰਾ ਅੰਤੁ ਨ ਜਾਈ ਲਖਿਆ'॥ ਦਾ ਪ੍ਰਤੀਕ ਬਣਿਆ ਠੰਢੀ ਯੱਖ ਬਰਫ ਨਾਲ ਢਕਿਆ ਦਰਾ ਖਰਦੁੰਗਲਾ।



ਰਾਣੀਆਂ ਦਾ ਮਹਿਲ- ਹਵਾ ਮਹਿਲ, ਜੈਪੁਰ

ਅੰਗਰੇਜ਼ੀ ਮਹੀਨਿਆਂ ਦੇ ਨਾਲ ਨਾਲ, ਨਾਨਕਸ਼ਾਹੀ ਕੈਲੰਡਰ ਅਨੁਸਾਰ ਦੇਸੀ ਮਹੀਨਿਆਂ ਦੇ ਨਾਮ, ਸੰਗਰਾਂਦ, ਮੱਸਿਆ, ਪੁੰਨਿਆਂ ਅਤੇ ਗੁਰੂ ਸਾਹਿਬਾਨ ਨਾਲ ਸਬੰਧਤ ਗੁਰਪੁਰਬਾਂ ਦੀ ਜਾਣਕਾਰੀ ਵੀ ਦਿੱਤੀ ਗਈ ਹੈ।

ਅਖੀਰਲੇ ਸਫੇ 'ਤੇ ਅਮਰੀਕਨ ਜ਼ਿੰਦਗੀ ਵਿਚ ਕੰਮ ਆਉਣ ਵਾਲੇ ਕੁੱਝ ਅਹਿਮ ਨੁਕਤੇ ਲਿਖੇ ਗਏ ਹਨ, ਜਿਨ੍ਹਾਂ ਦੀ ਪਾਲਣਾ ਕਰਕੇ ਅਸੀਂ 'ਟੈਨਸ਼ਨ ਮੁਕਤ' ਜ਼ਿੰਦਗੀ ਜੀਉ ਸਕਦੇ ਹਾਂ। ਕੁੱਲ ਮਿਲਾ ਕੇ ਇਹ ਕੈਲੰਡਰ ਸਾਂਭਣਯੋਗ ਦਸਤਾਵੇਜ਼ ਹੈ, ਜਿਸਨੂੰ ਸਾਡੇ ਹੱਥਾਂ ਵਿਚ ਭੇਟਾ ਰਹਿਤ ਪਹੁੰਚਾਉਣ ਲਈ, ਜੱਸੀ ਗਿੱਲ ਤੇ ਜਨਮੇਜਾ ਸਿੰਘ ਜੌਹਲ, ਦੋਹਾਂ ਨੂੰ ਦਾਦ ਦੇਣੀ ਬਣਦੀ ਹੈ।



ਪਿਆਰ ਦਾ ਪ੍ਰਤੀਕ- ਤਾਜ ਮਹਿਲ, ਆਗਰਾ





ਉੱਚਾ ਤੇ ਸੁੱਚਾ ਗੁਰਦੁਆਰਾ ਸ੍ਰੀ ਨਨਕਾਣਾ ਸਾਹਿਬ